# ਹਿੰਸਾ ਵਿੱਚੋਂ ਬੱਚਕੇ ਬਾਹਰ ਨਿੱਕਲਣ ਲਈ ਭੁਗਤਾਨ (Escaping Violence Payment)



**ਕੀ ਤੁਸੀਂ, ਜਾਂ ਕੋਈ ਅਜਿਹਾ ਵਿਅਕਤੀ ਜਿਸਨੂੰ ਤੁਸੀਂ ਜਾਣਦੇ ਹੋ ਆਪਣੇ ਜੀਵਨਸਾਥੀ ਦੁਆਰਾ ਕੀਤੀ ਜਾਂਦੀ ਹਿੰਸਾ ਤੋਂ ਬੱਚਣ ਦੀ ਕੋਸ਼ਿਸ਼ ਕਰ ਰਹੇ ਹੋ ਜਾਂ ਹਿੰਸਾ ਤੋਂ ਬਚੇ ਹੋ? ਇੱਕ ਜੀਵਨਸਾਥੀ ਉਹ ਹੁੰਦਾ ਹੈ ਜਿਸ ਨਾਲ ਤੁਸੀਂ ਇੱਕ ਰੋਮਾਂਟਿਕ ਰਿਸ਼ਤੇ ਵਿੱਚ ਰਹੇ ਹੋਵੋ ਜਿਵੇਂ ਕਿ ਪਤੀ, ਪਤਨੀ, ਸਾਥੀ, ਬੁਆਏਫ੍ਰੈਂਡ, ਜਾਂ ਗਰਲਫ੍ਰੈਂਡ।**

ਜੇਕਰ ਤੁਸੀਂ ਇੱਕ ਆਸਟ੍ਰੇਲੀਆਈ ਨਾਗਰਿਕ ਜਾਂ ਸਥਾਈ ਨਿਵਾਸੀ ਹੋ, 18 ਸਾਲ ਤੋਂ ਵੱਧ ਉਮਰ ਦੇ ਹੋ ਅਤੇ ਹਾਲ ਹੀ ਵਿੱਚ ਰਹਿਣ ਦੀਆਂ ਸਥਿਤੀਆਂ ਬਦਲੀਆਂ ਹਨ ਅਤੇ ਵਿੱਤੀ ਤਣਾਅ ਦਾ ਅਨੁਭਵ ਕਰ ਰਹੇ ਹੋ, ਤਾਂ ਤੁਸੀਂ Escaping Violence Payment (ਏਸਕੇਪਿੰਗ ਵਾਇਲੈਂਸ ਪੇਮੈਂਟ, EVP) ਪ੍ਰੋਗਰਾਮ ਲਈ ਯੋਗ ਹੋ ਸਕਦੇ ਹੋ।

ਇਹ EVP ਪ੍ਰੋਗਰਾਮ ਤੁਹਾਨੂੰ ਅੱਗੇ ਵਧਣ ਅਤੇ ਹਿੰਸਾ ਰਹਿਤ ਘਰ ਬਣਾਉਣ ਵਿੱਚ ਮੱਦਦ ਕਰਨ ਲਈ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ।

ਇਹ EVP ਪ੍ਰੋਗਰਾਮ ਆਸਟ੍ਰੇਲੀਆਈ ਸਰਕਾਰ ਦੁਆਰਾ ਸਮਰਥਿਤ ਹੈ ਅਤੇ UnitingCare ਨੈੱਟਵਰਕ ਦੁਆਰਾ ਚਲਾਇਆ ਜਾਂਦਾ ਹੈ। ਤੁਹਾਡੀ ਮੱਦਦ ਲਈ ਹਰ ਰਾਜ ਅਤੇ ਪ੍ਰਦੇਸ਼ ਵਿੱਚ EVP ਟੀਮਾਂ ਉਪਲਬਧ ਹਨ।

## ਇਹ ਕਿਵੇਂ ਕੰਮ ਕਰਦਾ ਹੈ?

EVP ਪ੍ਰੋਗਰਾਮ $5,000 ਤੱਕ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ ਜਿਸ ਵਿੱਚ ਸ਼ਾਮਲ ਹਨ:

- $1,500 ਤੱਕ ਨਕਦ (ਜਾਂ ਨਕਦ ਬਰਾਬਰ)
- $3,500 ਤੱਕ ਵਸਤੂਆਂ ਅਤੇ ਸੇਵਾਵਾਂ ਜਿਵੇਂ ਕਿ ਘਰ ਦੇ ਸਾਮਾਨ ਦੀ ਢੋ-ਢੁਆਈ, ਬਾਂਡ ਜਾਂ ਘਰੇਲੂ ਵਸਤੂਆਂ ਦੇ ਰੂਪ ਵਿੱਚ।

ਇਸ ਵਿੱਤੀ ਸਹਾਇਤਾ ਦਾ ਮਿਸ਼ਰਣ ਤੁਹਾਡੀਆਂ ਲੋੜਾਂ ਅਤੇ ਤਰਜੀਹਾਂ 'ਤੇ ਆਧਾਰਿਤ ਹੋਵੇਗਾ।

## ਕੀ ਮੈਂ ਯੋਗ ਹਾਂ?

EVP ਪ੍ਰੋਗਰਾਮ ਉਪਲਬਧ ਹੈ ਜੇਕਰ ਤੁਸੀਂ:

- 18 ਸਾਲ ਜਾਂ ਇਸ ਤੋਂ ਵੱਧ ਹੋ
- ਤੁਸੀਂ ਇੱਕ ਆਸਟ੍ਰੇਲੀਅਨ ਨਾਗਰਿਕ, ਸਥਾਈ ਨਿਵਾਸੀ ਜਾਂ ਆਸਟ੍ਰੇਲੀਆ ਵਿੱਚ ਇੱਕ ਸੁਰੱਖਿਅਤ ਵਿਸ਼ੇਸ਼ ਸ਼੍ਰੇਣੀ ਦੇ ਵੀਜ਼ੇ ਦੇ ਧਾਰਕ ਹੋਣ ਵਜੋਂ ਰਹਿ ਰਹੇ ਹੋ
- ਪਿਛਲੇ 12 ਹਫਤਿਆਂ ਦੇ ਅੰਦਰ ਜੀਵਨਸਾਥੀ ਵੱਲੋਂ ਹਿੰਸਾ ਕਾਰਨ ਆਪਣੇ ਰਹਿਣ ਦੇ ਪ੍ਰਬੰਧਾਂ ਨੂੰ ਬਦਲਣ ਦੀ ਯੋਜਨਾ ਬਣਾ ਰਹੇ ਹੋ ਜਾਂ ਬਦਲਿਆ ਹੈ
- ਵਿੱਤੀ ਤਣਾਅ ਦਾ ਅਨੁਭਵ ਕਰ ਰਹੇ ਹੋ ਅਤੇ ਪਿਛਲੇ 12 ਮਹੀਨਿਆਂ ਵਿੱਚ EVP ਤੱਕ ਪਹੁੰਚ ਨਹੀਂ ਕੀਤੀ ਹੈ।

## ਮੈਂ ਇਸ ਭੁਗਤਾਨ ਤੱਕ ਕਿਵੇਂ ਪਹੁੰਚ ਕਰਾਂ?

ਤੁਸੀਂ **unitingvictas.org.au/escaping-violence-payment** ਵੈੱਬਸਾਈਟ ਰਾਹੀਂ ਔਨਲਾਈਨ ਅਰਜ਼ੀ ਦੇ ਸਕਦੇ ਹੋ। ਜੇਕਰ ਤੁਹਾਨੂੰ ਆਪਣੀ ਅਰਜ਼ੀ ਨੂੰ ਪੂਰਾ ਕਰਨ ਲਈ ਮੱਦਦ ਦੀ ਲੋੜ ਹੈ, ਤਾਂ 1800 387 387 'ਤੇ ਫ਼ੋਨ ਕਰੋ। ਜਾਂ ਜੇਕਰ ਤੁਹਾਡੇ ਕੋਲ ਕੋਈ ਸਪੋਰਟ ਵਰਕਰ ਹੈ, ਤਾਂ ਉਹ ਤੁਹਾਡੀ ਅਰਜ਼ੀ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ ਅਤੇ ਤੁਹਾਡੀ ਤਰਫੋਂ ਔਨਲਾਈਨ ਅਰਜ਼ੀ ਦੇ ਸਕਦਾ ਹੈ।

ਹੋਰ ਜਾਣਨ ਲਈ
ਸਕੈਨ ਕਰੋ

EVP ਪ੍ਰੋਗਰਾਮ ਲਈ ਅਰਜ਼ੀ ਦੇਣ ਲਈ, ਇੱਥੇ
**unitingvictas.org.au/escaping-violence-payment** 'ਤੇ ਜਾਓ

ਕਿਰਪਾ ਕਰਕੇ ਧਿਆਨ ਰੱਖੋ ਕਿ EVP ਪ੍ਰੋਗਰਾਮ ਇੱਕ ਐਮਰਜੈਂਸੀ ਜਵਾਬ ਸੇਵਾ ਨਹੀਂ ਹੈ। ਜੇਕਰ ਤੁਸੀਂ ਖ਼ਤਰੇ ਵਿੱਚ ਹੋ, ਤਾਂ ਤੁਰੰਤ **000** 'ਤੇ ਫ਼ੋਨ ਕਰੋ।

ਜੇਕਰ ਤੁਸੀਂ ਸੁਰੱਖਿਆ ਯੋਜਨਾ ਬਣਾਉਣ ਵਿੱਚ ਸਹਾਇਤਾ ਚਾਹੁੰਦੇ ਹੋ, ਤਾਂ ਤੁਸੀਂ **1800 RESPECT** ਜਾਂ **1800 737 732** ਜਾਂ ਉਹਨਾਂ ਦੀ ਔਨਲਾਈਨ ਚੈਟ ਸੇਵਾ ਨਾਲ ਸੰਪਰਕ ਕਰ ਸਕਦੇ ਹੋ।

Punjabi | ਪੰਜਾਬੀ

ਆਸਟ੍ਰੇਲੀਅਨ ਸਰਕਾਰ ਦੁਆਰਾ ਮਾਲੀ ਸਹਾਇਤਾ ਪ੍ਰਾਪਤ ਹੈ

Australian Government
Department of Social Services

Uniting | UnitingCare Australia | UnitingCare | UNITING COMMUNITIES | Uniting CountrySA | UCWB UnitingCare Wesley Bowden | UNITING SA | Wesley Mission